# ਦਫ਼ਤਰ ਡਾਇਰੈਕਟਰ, ਯੋਜਨਾ ਤੇ ਨਿਰੀਖਣ
# ਪੰਜਾਬੀ ਯੂਨੀਵਰਸਿਟੀ, ਪਟਿਆਲਾ
(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਯੋਜਨਾ ਤੇ ਨਿਰੀਖਣ ਬੋਰਡ (Planning & Monitoring Board) ਦੀ ਵਾਈਸ-ਚਾਂਸਲਰ ਸਾਹਿਬ ਦੀ ਪ੍ਰਧਾਨਗੀ ਹੇਠ ਮਿਤੀ 24-04-2019 ਨੂੰ ਬਾਅਦ ਦੁਪਹਿਰ 03-00 ਵਜੇ ਸਿੰਡੀਕੇਟ ਰੂਮ, ਗੁਰੂ ਤੇਗ ਬਹਾਦਰ ਹਾਲ, ਯੂਨੀਵਰਸਿਟੀ ਕੈਂਪਸ ਵਿਖੇ ਹੋਈ ਇਕੱਤਰਤਾ ਦੀ ਕਾਰਵਾਈ :

**ਹਾਜ਼ਰ ਮੈਂਬਰ**

1. ਡਾ. ਬੀ.ਐਸ. ਘੁੰਮਣ (ਚੇਅਰਮੈਨ)
   ਵਾਈਸ-ਚਾਂਸਲਰ
2. ਡਾ. ਜੀ.ਐਸ. ਬੱਤਰਾ,
   ਡੀਨ, ਅਕਾਦਮਿਕ ਮਾਮਲੇ ਅਤੇ
   ਡੀਨ, ਫ਼ੈਕਲਟੀ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ
3. ਪ੍ਰੋ. ਸੁਖਦੇਵ ਸਿੰਘ,
   ਪੰਜਾਬੀ ਵਿਭਾਗ,
   ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।
4. ਡਾ. ਜਸਪਾਲ ਕੌਰ ਧੰਜੂ,
   ਡੀਨ, ਰਿਸਰਚ
5. ਡਾ. ਪੁਸ਼ਪਿੰਦਰ ਸਿੰਘ ਗਿੱਲ,
   ਡੀਨ, ਬਾਹਰਲੇ ਕੇਂਦਰ
6. ਡਾ. ਰਾਕੇਸ਼ ਕੁਮਾਰ,
   ਵਿੱਤ ਅਫ਼ਸਰ
7. ਡਾ. ਜਗਰੂਪ ਕੌਰ,
   ਡੀਨ, ਫ਼ੈਕਲਟੀ ਆਫ਼ ਸੋਸ਼ਲ ਸਾਇੰਸਿਜ਼
8. ਡਾ. ਜਸਵੀਰਇੰਦਰ ਸਿੰਘ,
   ਡੀਨ, ਫ਼ੈਕਲਟੀ ਆਫ਼ ਲਾਈਫ ਸਾਇੰਸਿਜ਼
9. ਡਾ. ਜਯੋਤਸਨਾ,
   ਡੀਨ, ਫ਼ੈਕਲਟੀ ਆਫ਼ ਕੰਪਿਊਟਿੰਗ ਸਾਇੰਸਿਜ਼
10. ਡਾ. ਰਾਧਾ ਸ਼ਰਨ ਅਰੋੜਾ,
    ਡੀਨ, ਫ਼ੈਕਲਟੀ ਆਫ਼ ਬਿਜ਼ਨਸ ਸਟੱਡੀਜ਼
11. ਡਾ. ਸ਼ਰਨਪਾਲ ਸਿੰਘ,
    ਡੀਨ, ਫ਼ੈਕਲਟੀ ਆਫ਼ ਲੈਂਗੂਏਜਿਜ਼
12. ਡਾ. ਵਰਿੰਦਰ ਕੁਮਾਰ ਕੌਸ਼ਿਕ,
    ਡੀਨ, ਫ਼ੈਕਲਟੀ ਆਫ਼ ਲਾਅ
13. ਡਾ. ਰਾਕੇਸ਼ ਮੋਹਨ ਸ਼ਰਮਾ,
    ਡਾਇਰੈਕਟਰ, ਯੋਜਨਾ ਤੇ ਨਿਰੀਖਣ ਅਤੇ
    ਡੀਨ, ਫ਼ੈਕਲਟੀ ਆਫ਼ ਫ਼ਿਜ਼ੀਕਲ ਸਾਇੰਸਿਜ਼

ਪ੍ਰੋਫ਼ੈਸਰ ਜੈਰੂਪ ਸਿੰਘ, ਪ੍ਰੋਫ਼ੈਸਰ ਐਚ.ਐਸ. ਸਿੱਧੂ, ਪ੍ਰੋਫ਼ੈਸਰ ਏ.ਐਸ. ਆਹਲੂਵਾਲੀਆ, ਰਜਿਸਟਰਾਰ, ਡੀਨ, ਕਾਲਜ ਵਿਕਾਸ ਕੌਂਸਲ, ਡੀਨ, ਫ਼ੈਕਲਟੀ ਆਫ਼ ਆਰਟਸ ਐਂਡ ਕਲਚਰ, ਡੀਨ, ਫ਼ੈਕਲਟੀ ਆਫ਼ ਐਜੂਕੇਸ਼ਨ ਐਂਡ ਇਨਫਰਮੇਸ਼ਨ ਸਾਇੰਸ ਅਤੇ ਡੀਨ, ਫ਼ੈਕਲਟੀ ਆਫ਼ ਮੈਡੀਸਨ ਕੁਝ ਪ੍ਰਸ਼ਾਸਕੀ ਰੁਝੇਵਿਆਂ ਕਾਰਨ ਇਕੱਤਰਤਾ ਵਿਚ ਸ਼ਾਮਲ ਨਹੀਂ ਹੋ ਸਕੇ।

ਮੀਟਿੰਗ ਦੀ ਸ਼ੁਰੂਆਤ ਵਿਚ ਡਾਇਰੈਕਟਰ, ਯੋਜਨਾ ਤੇ ਨਿਰੀਖਣ ਵੱਲੋਂ ਬੋਰਡ ਦੇ ਨਵੇਂ ਨਿਯੁਕਤ ਮੈਂਬਰ ਪ੍ਰੋਫ਼ੈਸਰ ਸੁਖਦੇਵ ਸਿੰਘ, ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨੂੰ 'ਜੀ ਆਇਆਂ' ਕਿਹਾ ਗਿਆ। ਇਸ ਉਪਰੰਤ ਵਾਈਸ-ਚਾਂਸਲਰ ਸਾਹਿਬ ਅਤੇ ਬੋਰਡ ਦੇ ਮੈਂਬਰ ਸਾਹਿਬਾਨ ਨੂੰ ਜਾਣਕਾਰੀ ਦਿੱਤੀ ਗਈ ਕਿ ਯੂਨੀਵਰਸਿਟੀ ਦੇ ਕਈ ਵਿਭਾਗਾਂ, ਬਾਹਰਲੇ ਸੈਂਟਰਾਂ ਅਤੇ ਕਾਂਸਟੀਚਿਊਟ ਕਾਲਜਾਂ ਪਾਸੋਂ ਅਕਾਦਮਿਕ ਸੈਸ਼ਨ 2019-20 ਦੌਰਾਨ ਨਵੇਂ ਕੋਰਸ ਸ਼ੁਰੂ ਕਰਨ/ਬੰਦ ਕਰਨ ਅਤੇ ਕੋਰਸਾਂ ਦੀਆਂ ਸੀਟਾਂ ਘਟਾਉਣ/ਵਧਾਉਣ ਆਦਿ ਸਬੰਧੀ ਤਜਵੀਜ਼ਾਂ ਪ੍ਰਾਪਤ ਹੋਈਆਂ ਹਨ। ਇਸ ਤੋਂ ਇਲਾਵਾ ਹੋਰ ਵੀ ਕਈ ਕੇਸ ਯੋਜਨਾ ਤੇ ਨਿਰੀਖਣ ਬੋਰਡ ਵਿਚ ਵਿਚਾਰੇ ਜਾਣੇ ਹਨ।

ਵਾਈਸ-ਚਾਂਸਲਰ ਸਾਹਿਬ ਦੀ ਆਗਿਆ ਨਾਲ ਯੋਜਨਾ ਤੇ ਨਿਰੀਖਣ ਬੋਰਡ ਦੀ ਕਾਰਵਾਈ ਸ਼ੁਰੂ ਕੀਤੀ ਗਈ। ਸਭ ਤੋਂ ਪਹਿਲਾਂ ਮਿਤੀ 26-04-2018 ਨੂੰ ਹੋਈ ਯੋਜਨਾ ਤੇ ਨਿਰੀਖਣ ਬੋਰਡ ਦੀ ਕਾਰਵਾਈ ਦੀ ਪੁਸ਼ਟੀ ਕੀਤੀ ਗਈ। ਇਸ ਉਪਰੰਤ ਪ੍ਰਾਪਤ ਹੋਈਆਂ ਤਜਵੀਜ਼ਾਂ ਤੇ ਬੋਰਡ ਵੱਲੋਂ ਭਰਪੂਰ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਸਰਬ-ਸੰਮਤੀ ਨਾਲ ਨਿਮਨ-ਲਿਖਤ ਫ਼ੈਸਲਾ ਕੀਤਾ ਗਿਆ :

# ਦਫ਼ਤਰ ਡਾਇਰੈਕਟਰ, ਯੋਜਨਾ ਤੇ ਨਿਰੀਖਣ

## ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)

ਮੱਦ ਨੰਬਰ 1

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵੱਖ-ਵੱਖ ਵਿਭਾਗਾਂ/ਬਾਹਰਲੇ ਸੈਂਟਰਾਂ/ਨੇਬਰਹੁੱਡ ਕੈਂਪਸਜ਼ ਅਤੇ ਕਾਂਸਟੀਚਿਊਟ ਕਾਲਜਾਂ ਵਿਖੇ ਅਕਾਦਮਿਕ ਸੈਸ਼ਨ 2019-20 ਤੋਂ ਨਵੇਂ ਕੋਰਸ ਸ਼ੁਰੂ ਕਰਨ/ਬੰਦ ਕਰਨ/ਕੋਰਸਾਂ ਦੀਆਂ ਸੀਟਾਂ ਘਟਾਉਣ/ਵਧਾਉਣ ਆਦਿ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਮਿਤੀ 02-04-2019 ਨੂੰ ਹੋਈ ਇਕੱਤਰਤਾ ਵਿੱਚ ਹੇਠ ਦਰਜ ਸਿਫਾਰਸ਼ਾਂ, ਨੂੰ ਵਾਈਸ-ਚਾਂਸਲਰ ਸਾਹਿਬ ਵੱਲੋਂ ਵੱਖ-ਵੱਖ ਬਾਡੀਜ਼ ਦੀ ਪ੍ਰਵਾਨਗੀ ਦੀ ਆਸ ਵਿਚ ਦਿੱਤੀ ਗਈ ਪ੍ਰਵਾਨਗੀ 'ਤੇ ਵਿਚਾਰ ਕਰਨ ਅਤੇ ਸੋਧ ਕਰਨ ਉਪਰੰਤ ਬੋਰਡ ਵੱਲੋਂ ਪ੍ਰਵਾਨ ਕਰ ਲਿਆ ਗਿਆ (ਅੰਤਿਕਾ-I)

1) ਪੰਜਾਬੀ ਯੂਨੀਵਰਸਿਟੀ ਨੇਬਰਹੁੱਡ ਕੈਂਪਸ, ਜੈਤੋ ਵਿਖੇ ਅਕਾਦਮਿਕ ਸੈਸ਼ਨ 2019-20 ਤੋਂ ਨਿਮਨ-ਲਿਖਤ ਕੋਰਸ ਸ਼ੁਰੂ ਕਰ ਲਏ ਜਾਣ :

   i. Post Graduation Diploma in Modern Office and Secretarial Practice (PGDMOSP). ਇਸ ਕੋਰਸ ਦੀ ਫੀਸ 15,000/- ਰੁਪਏ ਪ੍ਰਤੀ ਸਾਲ ਰੱਖੀ ਜਾਵੇ। ਇਸ ਕੋਰਸ ਦੀਆਂ 45 ਸੀਟਾਂ ਹੋਣਗੀਆਂ ਅਤੇ ਕੋਰਸ ਦੀ ਅਵਧੀ ਇਕ ਸਾਲ ਦੀ ਹੋਵੇਗੀ।

   ii. Certificate Course in Punjabi Computer Typing and Shorthand, ਇਸ ਕੋਰਸ ਦੀ ਫੀਸ 6500/- ਰੁਪਏ ਰੱਖੀ ਜਾਵੇ। ਇਸ ਕੋਰਸ ਦੀਆਂ 45 ਸੀਟਾਂ ਹੋਣਗੀਆਂ ਅਤੇ ਕੋਰਸ ਦੀ ਅਵਧੀ ਛੇ ਮਹੀਨੇ ਹੋਵੇਗੀ।

   iii. Certificate Course in English Computer Typing and Shorthand, ਇਸ ਕੋਰਸ ਦੀ ਫੀਸ 6500/- ਰੁਪਏ ਰੱਖੀ ਜਾਵੇ। ਇਸ ਕੋਰਸ ਦੀਆਂ 45 ਸੀਟਾਂ ਹੋਣਗੀਆਂ ਅਤੇ ਕੋਰਸ ਦੀ ਅਵਧੀ ਛੇ ਮਹੀਨੇ ਹੋਵੇਗੀ।

   ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਇਨ੍ਹਾਂ ਕੋਰਸਾਂ ਵਾਸਤੇ ਲੋੜ ਪੈਣ ਤੇ ਗੈਸਟ ਫੈਕਲਟੀ ਕਾਲਜ ਦੇ PTA ਫੰਡ ਵਿਚੋਂ ਹੀ ਰੱਖੀ ਜਾਵੇਗੀ।

   ਇਸ ਤੋਂ ਇਲਾਵਾ ਜੈਤੋਂ ਵਿਖੇ ਚਲ ਰਹੇ MCA ਕੋਰਸ ਦੀ ਫੀਸ 80,000/- ਰੁਪਏ ਤੋਂ ਘਟਾ ਕੇ 50,000/- ਰੁਪਏ ਕਰ ਦਿੱਤੀ ਜਾਵੇ।

   ਕਮੇਟੀ ਨੇ ਇਹ ਵੀ ਫੈਸਲਾ ਲਿਆ ਕਿ ਯੂਨੀਵਰਸਿਟੀ ਮੇਨ ਕੈਂਪਸ ਨੂੰ ਛੱਡ ਕੇ ਪੰਜਾਬੀ ਯੂਨੀਵਰਸਿਟੀ ਦੇ ਜਿਹੜੇ ਵੀ ਰਿਜ਼ਨਲ ਸੈਂਟਰਜ਼/ਨੇਬਰਹੁੱਡ ਕੈਂਪਸਜ਼ ਅਤੇ ਕਾਂਸਟੀਚਿਊਟ ਕਾਲਜਾਂ ਵਿਚ MCA ਚਲ ਰਹੀ ਹੈ, ਉਸ ਦੀ ਫੀਸ 50,000/- ਰੁਪਏ ਕਰ ਦਿੱਤੀ ਜਾਵੇ।

2) ਯੂਨੀਵਰਸਿਟੀ ਸਕੂਲ ਆਫ਼ ਬਿਜ਼ਨਸ ਸਟੱਡੀਜ਼, ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ, ਤਲਵੰਡੀ ਸਾਬੋ ਵਿਖੇ ਅਕਾਦਮਿਕ ਸੈਸ਼ਨ 2019-20 ਤੋਂ ਬੀ.ਕਾਮ ਕੋਰਸ 30 ਸੀਟਾਂ ਨਾਲ ਸ਼ੁਰੂ ਕਰ ਲਿਆ ਜਾਵੇ। ਇਸ ਕੋਰਸ ਦੀ ਫੀਸ ਯੂਨੀਵਰਸਿਟੀ ਨਿਯਮਾਂ ਅਨੁਸਾਰ 6239/- ਰੁਪਏ ਪ੍ਰਤੀ ਸਾਲ ਰੱਖੀ ਜਾਵੇ।

   ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਇਸ ਕੋਰਸ ਵਾਸਤੇ ਕੋਈ ਵਾਧੂ ਸਟਾਫ ਨਹੀਂ ਦਿੱਤਾ ਜਾਵੇਗਾ।

3) ਯੂਨੀਵਰਸਿਟੀ ਕਾਲਜ, ਬਰਨਾਲਾ ਵਿਖੇ ਅਕਾਦਮਿਕ ਸੈਸ਼ਨ 2019-20 ਤੋਂ ਨਿਮਨ-ਲਿਖਿਤ ਕੋਰਸ ਸ਼ੁਰੂ ਕਰ ਲਏ ਜਾਣ :

   i. M.A. (History) ਕੋਰਸ ਦੀ ਫੀਸ 15,000/- ਰੁਪਏ ਪ੍ਰਤੀ ਸਾਲ ਰੱਖੀ ਜਾਵੇ। ਇਸ ਕੋਰਸ ਦੀਆਂ 30 ਸੀਟਾਂ ਹੋਣਗੀਆਂ।
   ii. ਬੀ.ਏ. ਕੋਰਸ ਵਿਚ ਹਿੰਦੀ ਵਾਧੂ ਵਿਸ਼ਾ।

ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਇਨ੍ਹਾਂ ਕੋਰਸਾਂ ਵਾਸਤੇ ਲੋੜ ਪੈਣ ਤੇ ਗੈਸਟ ਫ਼ੈਕਲਟੀ ਕਾਲਜ ਦੇ PTA ਫੰਡ ਵਿਚੋਂ ਹੀ ਰੱਖੀ ਜਾਵੇਗੀ।

4) ਯਾਦਵਿੰਦਰਾ ਕਾਲਜ ਆਫ਼ ਇੰਜੀਨੀਅਰਿੰਗ ਤਲਵੰਡੀ ਸਾਬੋ ਵਿਖੇ ਅਕਾਦਮਿਕ ਸੈਸ਼ਨ 2019-20 ਤੋਂ B.Sc. (Non-Medical) ਕੋਰਸ 60 ਸੀਟਾਂ ਨਾਲ ਸ਼ੁਰੂ ਕਰ ਲਿਆ ਜਾਵੇ। ਇਸ ਕੋਰਸ ਦੀ ਫੀਸ ਯੂਨੀਵਰਸਿਟੀ ਨਿਯਮਾਂ ਅਨੁਸਾਰ 6239/- ਰੁਪਏ ਰੱਖੀ ਜਾਵੇ। ਸਪਸ਼ਟ ਹੈ ਕਿ ਇਸ ਕੋਰਸ ਲਈ ਕੋਈ ਵਾਧੂ ਫ਼ੈਕਲਟੀ ਨਹੀਂ ਦਿੱਤੀ ਜਾਵੇਗੀ।

5) ਟੀ.ਪੀ.ਡੀ. ਮਾਲਵਾ ਕਾਲਜ, ਪੰਜਾਬੀ ਯੂਨੀਵਰਸਿਟੀ ਨੇਬਰਹੁੱਡ ਕੈਂਪਸ, ਰਾਮਪੁਰਾ ਫੂਲ ਵਿਖੇ ਅਕਾਦਮਿਕ ਸੈਸ਼ਨ 2019-20 ਤੋਂ ਨਿਮਨ-ਲਿਖਿਤ ਕੋਰਸ ਸ਼ੁਰੂ ਕਰ ਲਏ ਜਾਣ :

i. M.Com. ਕੋਰਸ ਦੀ ਫੀਸ ਯੂਨੀਵਰਸਿਟੀ ਨਿਯਮਾਂ ਅਨੁਸਾਰ ਰੱਖੀ ਜਾਵੇ। ਇਸ ਕੋਰਸ ਦੀਆਂ 30 ਸੀਟਾਂ ਹੋਣਗੀਆਂ।
ii. B.A. ਵਿਚ Music Vocal ਵਾਧੂ ਵਿਸ਼ਾ।
iii. B.A. ਵਿਚ ਐਜੂਕੇਸ਼ਨ ਵਾਧੂ ਵਿਸ਼ਾ।

ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਇਨ੍ਹਾਂ ਕੋਰਸਾਂ ਵਾਸਤੇ ਲੋੜ ਪੈਣ ਤੇ ਗੈਸਟ ਫ਼ੈਕਲਟੀ ਕਾਲਜ ਦੇ PTA ਫੰਡ ਵਿਚੋਂ ਹੀ ਰੱਖੀ ਜਾਵੇਗੀ।

6) Basic and Applied Sciences ਵਿਭਾਗ, UCoE ਪੰਜਾਬੀ ਯੂਨੀਵਰਸਿਟੀ ਕੈਂਪਸ ਵਿਖੇ ਅਕਾਦਮਿਕ ਸੈਸ਼ਨ 2019-20 ਤੋਂ Five Year Integrated M.Sc. Program in Physics (Hon's School System) 30 ਸੀਟਾਂ ਨਾਲ ਸ਼ੁਰੂ ਕਰ ਲਿਆ ਜਾਵੇ। ਇਸ ਕੋਰਸ ਦੀ ਫੀਸ 30,000/- ਪ੍ਰਤੀ ਸਮੈਸਟਰ ਰੱਖ ਲਈ ਜਾਵੇ।

**ਬੋਰਡ ਵੱਲੋਂ ਸੋਧ ਉਪਰੰਤ ਇਹ ਵੀ ਪਾਸ ਕੀਤਾ ਗਿਆ ਕਿ ਇਸ ਕੋਰਸ ਲਈ ਪ੍ਰਤੀ ਵਿਦਿਆਰਥੀ 5,000/- ਰੁਪਏ ਸਕਿਓਰਟੀ ਫੀਸ (refundable) ਵੀ ਰੱਖੀ ਜਾਵੇ।**

7) ਪਰਸ਼ੀਅਨ, ਉਰਦੂ ਅਤੇ ਅਰੈਬਿਕ ਵਿਭਾਗ ਵਿਖੇ ਅਕਾਦਮਿਕ ਸੈਸ਼ਨ 2019-20 ਤੋਂ B.A. (Hons in Urdu) for Foreign Students ਕੋਰਸ 15 ਸੀਟਾਂ ਨਾਲ ਸ਼ੁਰੂ ਕਰ ਲਿਆ ਜਾਵੇ। ਇਸ ਕੋਰਸ ਦੀ ਫੀਸ 2000 US Dollar ਰੱਖ ਲਈ ਜਾਵੇ।

ਇਸ ਕੋਰਸ ਵਾਸਤੇ ਲੋੜ ਪੈਣ ਤੇ ਗੈਸਟ ਫ਼ੈਕਲਟੀ ਰੱਖ ਲਈ ਜਾਵੇ।

ਇਸ ਤੋਂ ਇਲਾਵਾ ਵਿਭਾਗ ਵੱਲੋਂ ਚਲਾਏ ਜਾ ਰਹੇ ਵੱਖ-ਵੱਖ ਕੋਰਸਾਂ ਦੀਆਂ ਸੀਟਾਂ ਘਟਾਉਣ ਬਾਰੇ ਲਿਖਿਆ ਗਿਆ ਹੈ। ਕਮੇਟੀ ਨੇ ਫ਼ੈਸਲਾ ਕੀਤਾ ਕਿ ਕੋਰਸਾਂ ਦੀਆਂ ਸੀਟਾਂ ਨਾ ਘਟਾਈਆਂ ਜਾਣ।

8) ਕਾਲਜ ਆਫ਼ ਇੰਜੀਨੀਅਰਿੰਗ ਐਂਡ ਮੈਨੇਜ਼ਮੈਂਟ, ਨੇਬਰਹੁੱਡ ਕੈਂਪਸ, ਰਾਮਪੁਰਾ ਫੂਲ ਵਿਖੇ ਅਕਾਦਮਿਕ ਸੈਸ਼ਨ 2019-20 ਤੋਂ ਨਿਮਨ-ਲਿਖਿਤ ਕੋਰਸ ਸ਼ੁਰੂ ਕਰ ਲਏ ਜਾਣ :

i. B.Sc (CSM) – (Computer, Statistics, Mathematics), ਇਸ ਕੋਰਸ ਦੀ ਫੀਸ 15,000/- ਰੁਪਏ ਪਹਿਲੇ ਸਮੈਸਟਰ ਅਤੇ 10,000/- ਰੁਪਏ ਦੂਜੇ ਸਮੈਸਟਰ ਅਨੁਸਾਰ ਰੱਖੀ ਜਾਵੇ। ਇਸ ਕੋਰਸ ਦੀਆਂ 60 ਸੀਟਾਂ ਹੋਣਗੀਆਂ।
ii. Certificate Course in Computer Applications, ਇਸ ਕੋਰਸ ਦੀ ਫੀਸ 4635/- ਰੁਪਏ ਰੱਖੀ ਜਾਵੇ। ਇਸ ਕੋਰਸ ਦੀਆਂ 30 ਸੀਟਾਂ ਹੋਣਗੀਆਂ ਅਤੇ ਕੋਰਸ ਦੀ ਅਵਧੀ ਛੇ ਮਹੀਨੇ ਹੋਵੇਗੀ।

ਸਪਸ਼ਟ ਹੈ ਕਿ ਇਨ੍ਹਾਂ ਕੋਰਸਾਂ ਲਈ ਕੋਈ ਵੀ ਵਾਧੂ ਫ਼ੈਕਲਟੀ ਨਹੀਂ ਦਿੱਤੀ ਜਾਵੇਗੀ।

9) ਯੂਨੀਵਰਸਿਟੀ ਕਾਲਜ, ਘਨੌਰ ਵਿਖੇ ਅਕਾਦਮਿਕ ਸੈਸ਼ਨ 2019-20 ਤੋਂ ਨਿਮਨ ਲਿਖਿਤ ਕੋਰਸ ਸ਼ੁਰੂ ਕਰ ਲਏ ਜਾਣ :

   i. M.Com., ਇਸ ਕੋਰਸ ਦੀ ਫੀਸ ਯੂਨੀਵਰਸਿਟੀ ਨਿਯਮਾਂ ਅਨੁਸਾਰ ਰੱਖੀ ਜਾਵੇ। ਇਸ ਕੋਰਸ ਦੀਆਂ 40 ਸੀਟਾਂ ਹੋਣਗੀਆਂ। ਇਸ ਕੋਰਸ ਲਈ ਕੋਈ ਵਾਧੂ ਫੈਕਲਟੀ ਨਹੀਂ ਦਿੱਤੀ ਜਾਵੇਗੀ।

   ii. ਬੀ.ਏ. ਕੋਰਸ ਵਿਚ ਮਨੋਵਿਗਿਆਨ ਦਾ ਵਾਧੂ ਵਿਸ਼ਾ।

10) ਲਾਅ ਵਿਭਾਗ, ਪੰਜਾਬੀ ਯੂਨੀਵਰਸਿਟੀ ਰਿਜਨਲ ਸੈਂਟਰ, ਬਠਿੰਡਾ ਵਿਖੇ ਅਕਾਦਮਿਕ ਸੈਸ਼ਨ 2019-20 ਤੋਂ ਐਲ.ਐਲ.ਐਮ. (ਦੋ ਸਾਲਾ) ਕੋਰਸ ਸ਼ੁਰੂ ਨਾ ਕੀਤਾ ਜਾਵੇ ਕਿਉਂਕਿ ਯੂ.ਜੀ.ਸੀ., ਨਵੀਂ ਦਿੱਲੀ ਦੇ ਪੱਤਰ ਨੰਬਰ 5-1/99 (CPP-II) ਮਿਤੀ 18-01-2013 ਮੁਤਾਬਕ ਇਸ ਕੋਰਸ ਨੂੰ ਚਲਾਉਣ ਵਾਸਤੇ ਅਧਿਆਪਕਾਂ ਦੀ ਲੋੜੀਂਦੀ ਗਿਣਤੀ ਪੂਰੀ ਨਹੀਂ ਹੈ।

**ਡੀਨ, ਫੈਕਲਟੀ ਆਫ਼ ਲਾਅ ਵੱਲੋਂ ਕੀਤੀਆਂ ਗਈਆਂ ਸਿਫਾਰਸ਼ਾਂ ਨੂੰ ਮੱਦੇ ਨਜ਼ਰ ਰੱਖਦੇ ਹੋਏ ਬੋਰਡ ਵੱਲੋਂ ਸੋਧ ਉਪਰੰਤ ਪਾਸ ਕੀਤਾ ਗਿਆ ਕਿ ਲਾਅ ਵਿਭਾਗ, ਪੰਜਾਬੀ ਯੂਨੀਵਰਸਿਟੀ ਰਿਜਨਲ ਸੈਂਟਰ, ਬਠਿੰਡਾ ਵਿਖੇ ਅਕਾਦਮਿਕ ਸੈਸ਼ਨ 2019-20 ਤੋਂ ਐਲ.ਐਲ.ਐਮ. (ਦੋ ਸਾਲਾਂ) ਕੋਰਸ ਸ਼ੁਰੂ ਕਰ ਲਿਆ ਜਾਵੇ।**

11) ਪੰਜਾਬੀ ਯੂਨੀਵਰਸਿਟੀ ਨੇਬਰਹੁੱਡ ਕੈਂਪਸ, ਦੇਹਲਾ ਸੀਹਾਂ (ਸੰਗਰੂਰ) ਵਿਖੇ ਅਕਾਦਮਿਕ ਸੈਸ਼ਨ 2019-20 ਤੋਂ ਨਿਮਨ-ਲਿਖਿਤ ਕੋਰਸ ਸ਼ੁਰੂ ਕਰ ਲਏ ਜਾਣ

   i. Diploma Course in Computer Hardware and Networking, ਇਸ ਕੋਰਸ ਦੀ ਫੀਸ 6,000/- ਰੁਪਏ ਰੱਖੀ ਜਾਵੇ। ਇਸ ਕੋਰਸ ਦੀਆਂ 35 ਸੀਟਾਂ ਹੋਣਗੀਆਂ ਅਤੇ ਕੋਰਸ ਦੀ ਅਵਧੀ ਇਕ ਸਾਲ ਹੋਵੇਗੀ।
   ii. ਬੀ.ਏ. ਕੋਰਸ, ਇਸ ਕੋਰਸ ਦੀ ਫੀਸ 6,000/- ਰੁਪਏ ਪ੍ਰਤੀ ਸਾਲ ਰੱਖੀ ਜਾਵੇ। ਇਸ ਕੋਰਸ ਦੀਆਂ 100 ਸੀਟਾਂ ਹੋਣਗੀਆਂ।

   ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਇਨ੍ਹਾਂ ਕੋਰਸਾਂ ਵਾਸਤੇ ਲੋੜ ਪੈਣ ਤੇ ਗੈਸਟ ਫੈਕਲਟੀ ਕਾਲਜ ਦੇ PTA ਫੰਡ ਵਿਚੋਂ ਹੀ ਰੱਖੀ ਜਾਵੇਗੀ।

12) ਸਿਵਿਲ ਇੰਜੀਨੀਅਰਿੰਗ ਵਿਭਾਗ, ਪੰਜਾਬੀ ਯੂਨੀਵਰਸਿਟੀ ਕੈਂਪਸ ਵਿਖੇ ਅਕਾਦਮਿਕ ਸੈਸ਼ਨ 2019-20 ਤੋਂ ਪੀ.ਐਚ.ਡੀ. ਕੋਰਸ ਸ਼ੁਰੂ ਕਰ ਲਿਆ ਜਾਵੇ। ਇਸ ਕੋਰਸ ਦੀ ਫੀਸ ਯੂਨੀਵਰਸਿਟੀ ਨਿਯਮਾਂ ਅਨੁਸਾਰ ਰੱਖ ਲਈ ਜਾਵੇ।

13) ਮਾਤਾ ਸੁੰਦਰੀ ਗਰਲਜ਼ ਕਾਲਜ, ਮਾਨਸਾ ਵਿਖੇ ਅਕਾਦਮਿਕ ਸੈਸ਼ਨ 2019-20 ਤੋਂ ਨਿਮਨ-ਲਿਖਿਤ ਕੋਰਸ ਸ਼ੁਰੂ ਕਰ ਲਏ ਜਾਣ :

   i. ਬੀ.ਏ. ਕੋਰਸ ਵਿਚ ਜੋਗਰਫੀ, ਮਨੋਵਿਗਿਆਨ, ਐਨ.ਸੀ.ਸੀ. ਅਤੇ ਐਜੂਕੇਸ਼ਨ ਵਾਧੂ ਵਿਸ਼ੇ ਵਜੋਂ
   ii. M.A. (English), ਇਸ ਕੋਰਸ ਦੀ ਫੀਸ ਯੂਨੀਵਰਸਿਟੀ ਨਿਯਮਾਂ ਅਨੁਸਾਰ ਰੱਖੀ ਜਾਵੇ। ਇਸ ਕੋਰਸ ਦੀਆਂ 30 ਸੀਟਾਂ ਹੋਣਗੀਆਂ।
   iii. M.Com, ਇਸ ਕੋਰਸ ਦੀ ਫੀਸ ਯੂਨੀਵਰਸਿਟੀ ਨਿਯਮਾਂ ਅਨੁਸਾਰ ਰੱਖੀ ਜਾਵੇ। ਇਸ ਕੋਰਸ ਦੀਆਂ 30 ਸੀਟਾਂ ਹੋਣਗੀਆਂ।

   ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਇਨ੍ਹਾਂ ਕੋਰਸਾਂ ਵਾਸਤੇ ਲੋੜ ਪੈਣ ਤੇ ਗੈਸਟ ਫੈਕਲਟੀ ਕਾਲਜ ਦੇ PTA ਫੰਡ ਵਿਚੋਂ ਹੀ ਰੱਖੀ ਜਾਵੇਗੀ।

ਇਸ ਤੋਂ ਇਲਾਵਾ ਕਾਲਜ ਵਿਖੇ M.Sc. (IT) ਅਤੇ B.A./B.Ed. (Integrated Course) ਕੋਰਸ ਨਾ ਸ਼ੁਰੂ ਕੀਤੇ ਜਾਣ।

14) ਯੂਨੀਵਰਸਿਟੀ ਕਾਲਜ, ਢਿਲਵਾਂ (ਬਰਨਾਲਾ) ਵਿਖੇ ਅਕਾਦਮਿਕ ਸੈਸ਼ਨ 2019-20 ਤੋਂ M.A. (History) ਕੋਰਸ 35 ਸੀਟਾਂ ਨਾਲ ਸ਼ੁਰੂ ਕਰ ਲਿਆ ਜਾਵੇ। ਇਸ ਕੋਰਸ ਦੀ ਫੀਸ ਯੂਨੀਵਰਸਿਟੀ ਦੇ ਬਾਕੀ ਕਾਂਸਟੀਚਿਊਟ ਕਾਲਜਾਂ ਅਨੁਸਾਰ ਹੋਵੇਗੀ।

ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਇਨ੍ਹਾਂ ਕੋਰਸਾਂ ਵਾਸਤੇ ਲੋੜ ਪੈਣ ਤੇ ਗੈਸਟ ਫੈਕਲਟੀ ਕਾਲਜ ਦੇ PTA ਫੰਡ ਵਿਚੋਂ ਹੀ ਰੱਖੀ ਜਾਵੇਗੀ।

15) ਯੂਨੀਵਰਸਿਟੀ ਕਾਲਜ, ਚੂੰਨੀ ਕਲਾਂ ਵਿਖੇ ਅਕਾਦਮਿਕ ਸੈਸ਼ਨ 2019-20 ਤੋਂ ਨਿਮਨ-ਲਿਖਿਤ ਕੋਰਸ ਸ਼ੁਰੂ ਕਰ ਲਏ ਜਾਣ :

i. M.Com
ii. M.A. (History)
iii. D.Lib (Diploma in Library Science)
iv. ਬੀ.ਏ. ਕੋਰਸ ਵਿਚ ਐਨ.ਸੀ.ਸੀ. ਵਾਧੂ ਵਿਸ਼ਾ

ਇਨ੍ਹਾਂ ਕੋਰਸਾਂ ਦੀ ਫੀਸ ਯੂਨੀਵਰਸਿਟੀ ਦੇ ਬਾਕੀ ਕਾਂਸਟੀਚਿਊਟ ਕਾਲਜਾਂ ਅਨੁਸਾਰ ਰੱਖੀ ਜਾਵੇ।

ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਇਨ੍ਹਾਂ ਕੋਰਸਾਂ ਵਾਸਤੇ ਲੋੜ ਪੈਣ ਤੇ ਗੈਸਟ ਫੈਕਲਟੀ ਕਾਲਜ ਦੇ PTA ਫੰਡ ਵਿਚੋਂ ਹੀ ਰੱਖੀ ਜਾਵੇਗੀ।

ਇਸ ਤੋਂ ਇਲਾਵਾ ਕਾਲਜ ਵਿਖੇ M.Sc. (IT) Lateral Entry ਕੋਰਸ ਸ਼ੁਰੂ ਨਾ ਕੀਤਾ ਜਾਵੇ।

16) ਯੂਨੀਵਰਸਿਟੀ ਕਾਲਜ, ਮੂਨਕ (ਸੰਗਰੂਰ) ਵਿਖੇ ਅਕਾਦਮਿਕ ਸੈਸ਼ਨ 2019-20 ਤੋਂ ਨਿਮਨ-ਲਿਖਿਤ ਕੋਰਸ ਸ਼ੁਰੂ ਕਰ ਲਏ ਜਾਣ :

i. M.Com
ii. B.A. ਵਿਚ Fashion Designing ਅਤੇ Police Administration ਵਾਧੂ ਵਿਸ਼ਾ

ਇਨ੍ਹਾਂ ਕੋਰਸਾਂ ਦੀ ਫੀਸ ਯੂਨੀਵਰਸਿਟੀ ਦੇ ਬਾਕੀ ਕਾਂਸਟੀਚਿਊਟ ਕਾਲਜਾਂ ਅਨੁਸਾਰ ਰੱਖੀ ਜਾਵੇ।

ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਇਨ੍ਹਾਂ ਕੋਰਸਾਂ ਵਾਸਤੇ ਲੋੜ ਪੈਣ ਤੇ ਗੈਸਟ ਫੈਕਲਟੀ ਕਾਲਜ ਦੇ PTA ਫੰਡ ਵਿਚੋਂ ਹੀ ਰੱਖੀ ਜਾਵੇਗੀ।

ਇਸ ਤੋਂ ਇਲਾਵਾ ਕਾਲਜ ਵਿਖੇ M.Sc. (IT) ਕੋਰਸ ਸ਼ੁਰੂ ਨਾ ਕੀਤਾ ਜਾਵੇ।

17) ਯੂਨੀਵਰਸਿਟੀ ਕਾਲਜ, ਘੁੱਦਾ (ਬਠਿੰਡਾ) ਵਿਖੇ ਅਕਾਦਮਿਕ ਸੈਸ਼ਨ 2019-20 ਤੋਂ ਬੀ.ਏ. ਕੋਰਸ ਵਿਚ ਐਜੂਕੇਸ਼ਨ, Music (Vocal), ਫਾਈਨ ਆਰਟਸ, ਹੋਮ ਸਾਇੰਸ ਅਤੇ ਪਬਲਿਕ ਐਡਮਨਿਸਟ੍ਰੇਸ਼ਨ ਦੇ ਵਿਸ਼ੇ ਸ਼ੁਰੂ ਕਰ ਲਏ ਜਾਣ।

ਇਹ ਸਪਸ਼ਟ ਹੈ ਕਿ ਇਨ੍ਹਾਂ ਵਿਸ਼ਿਆਂ ਨੂੰ ਸ਼ੁਰੂ ਕਰਨ ਲਈ ਕੋਈ ਵਾਧੂ ਫੈਕਲਟੀ ਨਹੀਂ ਦਿੱਤੀ ਜਾਵੇਗੀ।

18) ਯੂਨੀਵਰਸਿਟੀ ਕਾਲਜ, ਮੀਰਾਂਪੁਰ ਵਿਖੇ ਅਕਾਦਮਿਕ ਸੈਸ਼ਨ 2019-20 ਤੋਂ ਨਿਮਨ-ਲਿਖਿਤ ਕੋਰਸ ਸ਼ੁਰੂ ਕਰ ਲਏ ਜਾਣ :

i. M.A. (Sociology)
ii. M.Com
iii. M.A. (History)
iv. M.A. (Religious Studies)
v. B.A. ਵਿਚ ਹਿੰਦੀ, Music (Vocal), ਫਾਈਨ ਆਰਟਸ, ਪਬਲਿਕ ਐਡਮਨਿਸਟ੍ਰੇਸ਼ਨ, ਗੁਰਮਤਿ ਸੰਗੀਤ ਵਾਧੂ ਵਿਸ਼ੇ ਵਜੋਂ।

ਇਨ੍ਹਾਂ ਕੋਰਸਾਂ ਦੀ ਫੀਸ ਯੂਨੀਵਰਸਿਟੀ ਦੇ ਬਾਕੀ ਕਾਂਸਟੀਚਿਊਟ ਕਾਲਜਾਂ ਅਨੁਸਾਰ ਰੱਖੀ ਜਾਵੇ।

ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਇਹ ਸਾਰੇ ਕੋਰਸ ਕਾਲਜ ਦੇ ਮੌਜੂਦਾ ਪ੍ਰਬੰਧ ਨਾਲ ਹੀ ਚਲਾਏ ਜਾਣਗੇ ਅਤੇ ਯੂਨੀਵਰਸਿਟੀ ਵੱਲੋਂ ਕੋਈ ਵਾਧੂ ਫੈਕਲਟੀ ਨਹੀਂ ਦਿੱਤੀ ਜਾਵੇਗੀ।

ਇਸ ਤੋਂ ਇਲਾਵਾ ਕਾਲਜ ਵਿਖੇ M.Sc. (IT) ਅਤੇ M.Sc. (IT) Lateral Entry ਕੋਰਸ ਸ਼ੁਰੂ ਨਾ ਕੀਤੇ ਜਾਣ।

19) S.B.S.B.M. University College, Sardulgarh (Mansa) ਵਿਖੇ ਅਕਾਦਮਿਕ ਸੈਸ਼ਨ 2019-20 ਤੋਂ ਬੀ.ਏ. ਕੋਰਸ ਵਿਚ Music (Vocal) ਵਾਧੂ ਵਿਸ਼ਾ ਸ਼ੁਰੂ ਕਰ ਲਿਆ ਜਾਵੇ।

ਇਹ ਸਪਸ਼ਟ ਹੈ ਕਿ ਵਿਸ਼ਾ ਸ਼ੁਰੂ ਕਰਨ ਲਈ ਕੋਈ ਵਾਧੂ ਫੈਕਲਟੀ ਨਹੀਂ ਦਿੱਤੀ ਜਾਵੇਗੀ।

20) ਫਿਜ਼ੀਕਸ ਵਿਭਾਗ, ਪੰਜਾਬੀ ਯੂਨੀਵਰਸਿਟੀ ਕੈਂਪਸ ਵੱਲੋਂ ਵਿਭਾਗ ਵਿਖੇ ਚਲ ਰਹੇ M.Sc. Astronomy & Space Physics and M.Sc. Physics (Nano Science and Technology) ਨੂੰ ਬੰਦ ਕਰਨ ਸਬੰਧੀ ਲਿਖਿਆ ਗਿਆ ਹੈ। ਇਸ ਸਬੰਧੀ ਕਮੇਟੀ ਨੇ ਫੈਸਲਾ ਕੀਤਾ ਕਿ ਲੋੜ ਮੁਤਾਬਕ ਫੈਕਲਟੀ ਦਾ ਇੰਤਜ਼ਾਮ ਕਰਕੇ ਕੋਰਸਾਂ ਨੂੰ ਜਾਰੀ ਰੱਖਿਆ ਜਾਵੇ।

**ਬੋਰਡ ਵੱਲੋਂ ਸੋਧ ਉਪਰੰਤ ਪਾਸ ਕੀਤਾ ਗਿਆ ਕਿ ਅਕਾਦਮਿਕ ਸੈਸ਼ਨ 2019-20 ਦੌਰਾਨ ਫਿਜ਼ੀਕਸ ਵਿਭਾਗ, ਪੰਜਾਬੀ ਯੂਨੀਵਰਸਿਟੀ ਕੈਂਪਸ ਵਿਖੇ ਚਲ ਰਹੇ M.Sc. Astronomy & Space Physics and M.Sc. Physics (Nano Science and Technology) ਕੋਰਸਾਂ ਵਿਚ ਜੇਕਰ ਦਾਖ਼ਲਾ 05 ਸੀਟਾਂ ਤੋਂ ਘੱਟ ਹੁੰਦਾ ਹੈ ਤਾਂ ਕੋਰਸ ਨੂੰ ਬੰਦ ਕਰਨ ਦਾ ਫੈਸਲਾ ਵਾਈਸ-ਚਾਂਸਲਰ ਸਾਹਿਬ, ਡੀਨ, ਅਕਾਦਮਿਕ ਮਾਮਲੇ, ਡਾਇਰੈਕਟਰ, ਯੋਜਨਾ ਤੇ ਨਿਰੀਖਣ ਅਤੇ ਡੀਨ, ਫੈਕਲਟੀ ਆਫ਼ ਫਿਜ਼ੀਕਲ ਸਾਇੰਸਿਜ਼ ਵੱਲੋਂ ਲੈ ਲਿਆ ਜਾਵੇ।**

21) Centre for Public Policy and Governance ਵਿਖੇ ਦੋ ਨਵੇਂ ਕੋਰਸ M.A. in Human Rights ਅਤੇ Post Graduate Diploma in Leadership and Governance ਸ਼ੁਰੂ ਕੀਤੇ ਗਏ ਹਨ। ਇਨ੍ਹਾਂ ਕੋਰਸਾਂ ਲਈ ਯੂਨੀਵਰਸਿਟੀ ਨਿਯਮਾਂ ਅਨੁਸਾਰ ਨਵੇਂ ਕੋਰਸਾਂ ਦੇ ਫੀਸ ਸਟਰਕਚਰ ਮੁਤਾਬਕ, ਫੀਸ ਨਿਸ਼ਚਿਤ ਕਰ ਲਈ ਜਾਵੇ।

**ਬੋਰਡ ਵੱਲੋਂ ਇਹ ਵੀ ਸੋਧ ਉਪਰੰਤ ਪਾਸ ਕੀਤਾ ਗਿਆ ਕਿ ਅਕਾਦਮਿਕ ਸੈਸ਼ਨ 2019-20 ਤੋਂ ਜਿਹੜੇ-ਜਿਹੜੇ ਕਾਂਸਟੀਚਿਊਟ ਕਾਲਜ/ਨੇਬਰਹੁੱਡ ਕੈਂਪਸਜ਼ ਵੱਲੋਂ M.Com. ਕੋਰਸ ਸ਼ੁਰੂ ਕੀਤਾ ਜਾਣਾ ਹੈ, ਉਥੇ M.Com. ਕੋਰਸ ਦੀ ਸੀਟਾਂ 40 ਰੱਖੀਆਂ ਜਾਣ ਤਾਂ ਜੋ ਹਰ ਕਾਲਜ ਵਿਚ ਇਕੋ ਪੈਟਰਨ ਤੇ ਇਸ ਕੋਰਸ ਦੀਆਂ ਸੀਟਾਂ ਨਿਰਧਾਰਤ ਹੋ ਸਕਣ।**

## ਦਫ਼ਤਰ ਡਾਇਰੈਕਟਰ, ਯੋਜਨਾ ਤੇ ਨਿਰੀਖਣ
## ਪੰਜਾਬੀ ਯੂਨੀਵਰਸਿਟੀ, ਪਟਿਆਲਾ
(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)

**ਮੱਦ ਨੰਬਰ 2**

ਪੰਜਾਬੀ ਯੂਨੀਵਰਸਿਟੀ ਕੈਂਪਸ, ਮੌੜ (ਬਠਿੰਡਾ) ਵਿਖੇ ਬੀ.ਏ ਕੋਰਸ ਵਿੱਚ ਲੜਕਿਆਂ ਦੇ ਦਾਖਲੇ ਲਈ 75 ਸੀਟਾਂ ਦਾ ਹੋਰ ਵਾਧਾ ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਪ੍ਰਵਾਨਗੀ (ਅੰਤਿਕਾ-II) ਦੀ ਪੁਸ਼ਟੀ ਕੀਤਾ ਗਈ।

**ਨੋਟ :**

1. ਪ੍ਰਿੰਸੀਪਲ, ਯੂਨੀਵਰਸਿਟੀ ਕੈਂਪਸ ਮੌੜ, (ਬਠਿੰਡਾ) ਵੱਲੋਂ ਪ੍ਰਾਪਤ ਪੱਤਰ 4667/ਪੀ.ਯੂ.ਸੀ.ਐਮ ਮਿਤੀ 17-09-2018 (ਜੋ ਕਿ ਡੀਨ, ਅਕਾਦਮਿਕ ਮਾਮਲੇ ਨੂੰ ਸੰਬੋਧਿਤ ਹੈ) ਅਨੁਸਾਰ ਬੀ.ਏ ਕੋਰਸ ਵਿੱਚ ਲੜਕਿਆਂ ਦੇ ਦਾਖਲੇ ਲਈ 75 ਸੀਟਾਂ ਦਾ ਹੋਰ ਵਾਧਾ ਕਰਨ ਸਬੰਧੀ ਬੇਨਤੀ ਕੀਤੀ ਗਈ ਸੀ।

2. ਵਾਈਸ-ਚਾਂਸਲਰ ਸਾਹਿਬ ਵੱਲੋਂ ਇਸ ਸਬੰਧੀ ਗਠਿਤ ਕੀਤੀ ਕਮੇਟੀ ਦੀ ਮਿਤੀ 25-09-2019 ਨੂੰ ਹੋਈ ਇਕੱਤਰਤਾ ਵਿੱਚ ਕੀਤੀਆਂ ਗਈ ਸਿਫਾਰਿਸ਼ਾਂ ਦੀ ਲੋਅ ਵਿੱਚ ਪੰਜਾਬੀ ਯੂਨੀਵਰਸਿਟੀ ਕੈਂਪਸ ਮੌੜ (ਬਠਿੰਡਾ) ਵਿਖੇ ਬੀ.ਏ ਕੋਰਸ ਵਿੱਚ ਲੜਕਿਆਂ ਦੇ ਦਾਖਲੇ ਲਈ 75 ਸੀਟਾਂ ਦਾ ਵਾਧਾ ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਪ੍ਰਵਾਨਗੀ ਦਿੱਤੀ ਗਈ ਹੈ।

**ਮੱਦ ਨੰਬਰ 3**

ਟੂਰਿਜ਼ਮ ਹੋਸਪੀਟੈਲਿਟੀ ਅਤੇ ਹੋਟਲ ਮੈਨੇਜਮੈਂਟ ਵਿਭਾਗ ਵਿਖੇ ਸਰਟੀਫਿਕੇਟ ਕੋਰਸ ਇਨ ਬੇਕਰੀ ਐਂਡ ਕੁਕਰੀ ਸੈਸ਼ਨ ਵਿੱਚ ਦੋ ਵਾਰ 30-30 ਸੀਟਾਂ ਨਾਲ ਚਲਾਉਣ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਪ੍ਰਵਾਨਗੀ (ਅੰਤਿਕਾ-III) ਦੀ ਪੁਸ਼ਟੀ ਕੀਤਾ ਗਈ।

**ਨੋਟ :**

1. ਮੁਖੀ, ਟੂਰਿਜ਼ਮ ਹੋਸਪੀਟੈਲਿਟੀ ਅਤੇ ਹੋਟਲ ਮੈਨੇਜਮੈਂਟ ਵਿਭਾਗ ਵੱਲੋਂ ਏ.ਸੀ.ਡੀ. ਦੀਆਂ ਸਿਫਾਰਸ਼ਾਂ ਦੀ ਲੋਅ ਵਿਚ ਵਿੱਚ ਡੀਨ, ਅਕਾਦਮਿਕ ਮਾਮਲੇ ਨੂੰ ਭੇਜੇ ਪੱਤਰ (ਅੰਤਿਕਾ-IV) ਵਿਚ ਟੂਰਿਜ਼ਮ ਹੋਸਪੀਟੈਲਿਟੀ ਅਤੇ ਹੋਟਲ ਮੈਨੇਜਮੈਂਟ ਵਿਭਾਗ ਵਿਖੇ ਪਹਿਲਾਂ ਤੋਂ ਚਲ ਰਹੇ ਸਰਟੀਫਿਕੇਟ ਕੋਰਸ ਇਨ ਬੇਕਰੀ ਐਂਡ ਕੁਕਰੀ ਸੈਸ਼ਨ ਵਿੱਚ ਦੋ ਵਾਰ 30-30 ਸੀਟਾਂ ਨਾਲ ਚਲਾਉਣ ਸਬੰਧੀ ਪ੍ਰਵਾਨਗੀ ਦੇਣ ਲਈ ਲਿਖਿਆ ਗਿਆ ਹੈ।ਇਹ ਕੋਰਸ ਜੁਲਾਈ/ਅਗਸਤ ਵਾਲੇ ਸਮੈਸਟਰ ਵਿੱਚ ਅਤੇ ਦੁਬਾਰਾ ਦਸਬੰਰ/ਜਨਵਰੀ ਵਿੱਚ ਸ਼ੁਰੂ ਹੋਣ ਵਾਲੇ ਸਮੈਸਟਰ ਵਿੱਚ ਚਲਾਉਣ ਸਬੰਧੀ ਬੇਨਤੀ ਕੀਤੀ ਗਈ ਹੈ।

2. ਵਾਈਸ-ਚਾਂਸਲਰ ਸਾਹਿਬ ਵੱਲੋਂ ਟੂਰਿਜ਼ਮ ਹੋਸਪੀਟੈਲਿਟੀ ਅਤੇ ਹੋਟਲ ਮੈਨੇਜਮੈਂਟ ਵਿਭਾਗ ਵਿਖੇ ਪਹਿਲਾਂ ਤੋਂ ਚਲ ਰਹੇ ਸਰਟੀਫਿਕੇਟ ਕੋਰਸ ਇਨ ਬੇਕਰੀ ਐਂਡ ਕੁਕਰੀ ਸੈਸ਼ਨ ਵਿੱਚ ਦੋ ਵਾਰ (ਜੁਲਾਈ/ਅਗਸਤ ਅਤੇ ਦੁਬਾਰਾ ਦਸੰਬਰ/ਜਨਵਰੀ ਵਿੱਚ) 30-30 ਸੀਟਾਂ ਨਾਲ ਚਲਾਉਣ ਸਬੰਧੀ ਪ੍ਰਵਾਨਗੀ ਦਿੱਤੀ ਗਈ ਹੈ।

**ਮੱਦ ਨੰਬਰ 4**

ਯੂਨੀਵਰਸਿਟੀ ਵਿਖੇ ਨਵੇਂ ਖੋਲੇ ਗਏ ਸੈਂਟਰ ਫਾਰ ਪਬਲਿਕ ਪਾਲਿਸੀ ਐਂਡ ਗਵਰਨੈਂਸ ਵਿਖੇ ਐਮ.ਏ ਇਨ ਹਿਊਮਨ ਰਾਈਟਸ ਅਤੇ ਪੋਸਟ ਗ੍ਰੈਜੂਏਟ ਡਿਪਲੋਮਾ ਇਨ ਲੀਡਰਸ਼ਿਪ ਐਂਡ ਗਵਰਨੈਂਸ (ਸੈਲਫ ਫਾਈਨਾਸ) ਕੋਰਸ ਸ਼ੁਰੂ ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਵੱਖ-ਵੱਖ ਬਾਡੀਜ਼ ਦੀ ਪ੍ਰਵਾਨਗੀ ਦੀ ਆਸ ਵਿੱਚ ਦਿੱਤੀ ਪ੍ਰਵਾਨਗੀ (ਅੰਤਿਕਾ-V) ਦੀ ਪੁਸ਼ਟੀ ਕੀਤੀ ਗਈ।

**ਨੋਟ :**

1. ਕੋਆਰਡੀਨੇਟਰ, ਸੈਂਟਰ ਫਾਰ ਪਬਲਿਕ ਪਾਲਿਸੀ ਐਂਡ ਗਵਰਨੈਂਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਆਪਣੇ ਪੱਤਰ ਨੰਬਰ P.P.G/101 ਮਿਤੀ 13-03-2019 (ਅੰਤਿਕਾ-VI) ਰਾਹੀਂ ਸੈਂਟਰ ਫਾਰ ਪਬਲਿਕ ਪਾਲਿਸੀ ਐਂਡ ਗਵਰਨੈਂਸ ਵਿਖੇ ਐਮ.ਏ ਇਨ ਹਿਊਮਨ ਰਾਈਟਸ ਅਤੇ ਪੋਸਟ ਗ੍ਰੈਜੂਏਟ ਡਿਪਲੋਮਾ ਇਨ ਲੀਡਰਸ਼ਿਪ ਐਂਡ ਗਵਰਨੈਂਸ (ਸੈਲਫ ਫਾਈਨਾਸ) ਕੋਰਸ ਸ਼ੁਰੂ ਕਰਨ ਅਤੇ ਇਨ੍ਹਾਂ

ਕੋਰਸਾਂ ਵਿੱਚ 30 ਸੀਟਾਂ ਪ੍ਰਤੀ ਕੋਰਸ ਅਲਾਟ ਕਰਨ ਦੀ ਪ੍ਰਵਾਨਗੀ ਦੇਣ ਦੀ ਸਿਫਾਰਿਸ਼ ਕੀਤੀ ਹੈ।

2 ਵਾਈਸ-ਚਾਂਸਲਰ ਸਾਹਿਬ ਵੱਲੋਂ ਯੂਨੀਵਰਸਿਟੀ ਵਿਖੇ ਨਵੇਂ ਖੋਲੇ ਗਏ ਸੈਂਟਰ ਫਾਰ ਪਬਲਿਕ ਪਾਲਿਸੀ ਐਂਡ ਗਵਰਨੈਂਸ ਵਿਖੇ ਵੱਖ-ਵੱਖ ਬਾਡੀਜ਼ ਦੀ ਪ੍ਰਵਾਨਗੀ ਦੀ ਆਸ ਵਿੱਚ ਐਮ.ਏ ਇਨ ਹਿਊਮਨ ਰਾਈਟਸ ਅਤੇ ਪੋਸਟ ਗ੍ਰੈਜੂਏਟ ਡਿਪਲੋਮਾ ਇਨ ਲੀਡਰਸ਼ਿਪ ਐਂਡ ਗਵਰਨੈਂਸ (ਸੈਲਫ ਫਾਈਨਾਂਸ) ਕੋਰਸ 30-30 ਸੀਟਾਂ ਨਾਲ ਸ਼ੁਰੂ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ।

**ਮੱਦ ਨੰਬਰ 5**

ਕੰਪਿਊਟਰ ਸਾਇੰਸ ਵਿਭਾਗ ਵਿਖੇ ਵਿਭਾਗੀ ਪੱਧਰ ਤੇ 'Research Centre for Technology Development for Differently Abled Persons' ਖੋਲਣ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਵੱਖ-ਵੱਖ ਬਾਡੀਜ਼ ਦੀ ਪ੍ਰਵਾਨਗੀ ਦੀ ਆਸ ਵਿੱਚ ਦਿੱਤੀ ਪ੍ਰਵਾਨਗੀ (ਅੰਤਿਕਾ-VII) ਤੇ ਵਿਚਾਰ ਕਰਨ ਉਪਰੰਤ ਪਾਸ ਕੀਤਾ ਗਿਆ।

**ਨੋਟ :**

1 ਮੁਖੀ, ਕੰਪਿਊਟਰ ਸਾਇੰਸ ਵਿਭਾਗ ਵੱਲੋਂ ਵਿਭਾਗ ਦੀ ਏ.ਸੀ.ਡੀ ਦੀਆਂ ਸਿਫਾਰਿਸ਼ਾਂ ਆਪਣੇ ਪੱਤਰ ਨੰਬਰ 609/CS ਮਿਤੀ 01-08-2018 (ਅੰਤਿਕਾ-VIII) ਰਾਹੀਂ ਬੇਨਤੀ ਕੀਤੀ ਗਈ ਹੈ ਕਿ ਕੰਪਿਊਟਰ ਸਾਇੰਸ ਵਿਭਾਗ ਵਿਖੇ ਵਿਭਾਗੀ ਪੱਧਰ ਤੇ 'Research Centre for Technology Development for Differently Abled Persons' ਖੋਲ ਲਿਆ ਜਾਵੇ। ਇਸ ਖੋਜ ਕੇਂਦਰ ਰਾਹੀਂ ਅਪਾਹਜਤਾ ਦਾ ਸ਼ਿਕਾਰ ਬੱਚਿਆਂ ਨੂੰ ਕੰਪਿਊਟਰ ਤਕਨਾਲੋਜੀ ਨਾਲ ਜੋੜਨ ਦਾ ਕਾਰਜ ਕੀਤਾ ਜਾਵੇਗਾ। ਇਸ ਕੇਂਦਰ ਵਾਸਤੇ ਫੰਡਜ਼ ਜਾਂ ਸਟਾਫ ਦੀ ਲੋੜ ਨਹੀਂ ਹੈ। ਇਸ ਦਾ ਯੂਨੀਵਰਸਿਟੀ ਤੇ ਕੋਈ ਵਿੱਤੀ ਬੋਝ ਨਹੀਂ ਪਵੇਗਾ।

2 ਇਸ ਉਪਰੰਤ ਡੀਨ, ਅਕਾਦਮਿਕ ਮਾਮਲੇ ਵੱਲੋਂ ਡਾਇਰੈਕਟਰ, ਆਈ.ਕਿਊ.ਏ.ਸੀ ਨੂੰ ਕੇਸ ਟਿੱਪਣੀ ਹਿੱਤ ਭੇਜਿਆ ਗਿਆ ਜਿਸ ਸਬੰਧੀ ਡਾਇਰੈਕਟਰ, ਆਈ.ਕਿਊ.ਏ.ਸੀ ਵੱਲੋਂ ਵੀ ਆਪਣੇ ਪੱਤਰ ਨੰਬਰ 1853 ਮਿਤੀ 29-08-2018 (ਅੰਤਿਕਾ-IX) ਰਾਹੀਂ ਸੈਂਟਰ ਖੋਲਣ ਦੀ ਸਿਫਾਰਿਸ਼ ਕੀਤੀ ਗਈ ਹੈ।

3 ਵਾਈਸ-ਚਾਂਸਲਰ ਸਾਹਿਬ ਵੱਲੋਂ ਕੰਪਿਊਟਰ ਸਾਇੰਸ ਵਿਭਾਗ ਵੱਲੋਂ ਆਈ ਬੇਨਤੀ ਅਤੇ ਡਾਇਰੈਕਟਰ, ਆਈ.ਕਿਊ.ਏ.ਸੀ ਦੀਆਂ ਸਿਫਾਰਿਸ਼ਾਂ ਉਪਰੰਤ ਕੰਪਿਊਟਰ ਸਾਇੰਸ ਵਿਭਾਗ ਵਿਖੇ ਵਿਭਾਗੀ ਪੱਧਰ ਤੇ 'Research Centre for Technology Development for Differently Abled Persons' ਖੋਲਣ ਦੀ ਪ੍ਰਵਾਨਗੀ ਦੇ ਦਿੱਤੀ ਗਈ ਹੈ।

4 ਵਾਈਸ-ਚਾਂਸਲਰ ਸਾਹਿਬ ਵੱਲੋਂ ਵਿਭਾਗੀ ਏ.ਸੀ.ਡੀ (ਅੰਤਿਕਾ-X) ਦੀਆਂ ਸਿਫਾਰਿਸ਼ਾਂ ਅਨੁਸਾਰ ਡਾ. ਵਿਸ਼ਾਲ ਗੋਇਲ, ਪ੍ਰੋਫੈਸਰ, ਕੰਪਿਊਟਰ ਸਾਇੰਸ ਵਿਭਾਗ ਨੂੰ 'Research Centre for Technology Development for Differently Abled Persons' ਦਾ ਕੋਆਰਡੀਨੇਟਰ ਲਗਾਉਣ ਦੀ ਪ੍ਰਵਾਨਗੀ ਦਿੱਤੀ ਗਈ ਹੈ। ਸੈਂਟਰ ਦਾ ਸਾਰਾ ਕੰਮ ਵਿਭਾਗ ਦੇ ਮੁਖੀ ਦੀ ਦੇਖ-ਰੇਖ ਹੇਠ ਹੋਵੇਗਾ।

ਡਾਇਰੈਕਟਰ, ਯੋਜਨਾ ਤੇ ਨਿਰੀਖਣ ਵੱਲੋਂ ਬੋਰਡ ਨੂੰ ਜਾਣਕਾਰੀ ਦਿੱਤੀ ਗਈ ਕਿ ਉਕਤ ਕੋਰਸਾਂ ਤੋਂ ਇਲਾਵਾ ਦਫ਼ਤਰ ਕੋਲ ਵੱਖ-ਵੱਖ ਵਿਭਾਗਾਂ/ਨੇਬਰਹੁੱਡ ਕੈਂਪਸਜ਼/ਯੂਨੀਵਰਸਿਟੀ ਕਾਂਸਟੀਚਿਊਟ ਕਾਲਜਾਂ ਪਾਸੋਂ ਹੋਰ ਵੀ ਨਵੇਂ ਕੋਰਸ/ਵਿਸ਼ੇ ਸ਼ੁਰੂ ਕਰਨ ਸਬੰਧੀ ਤਜਵੀਜ਼ਾਂ ਪ੍ਰਾਪਤ ਹੋਈਆਂ ਹਨ। ਬੋਰਡ ਵੱਲੋਂ ਇਹ ਤਜਵੀਜ਼ਾਂ ਵਿਚਾਰ ਉਪਰੰਤ ਨਿਮਨ-ਲਿਖਤ ਅਨੁਸਾਰ ਫੈਸਲਾ ਲਿਆ ਗਿਆ :

**ਮੱਦ ਨੰਬਰ 6**

ਯੂਨੀਵਰਸਿਟੀ ਕਾਲਜ, ਬੇਨੜਾ, ਧੂਰੀ ਵਿਖੇ ਅਕਾਦਮਿਕ ਸੈਸ਼ਨ 2019-20 ਤੋਂ ਨਿਮਨ-ਲਿਖਤ ਕੋਰਸ ਸ਼ੁਰੂ ਕਰ ਲਏ ਜਾਣ :

i. M.Com., 40 ਸੀਟਾਂ
ii. M.A. (Punjabi), 40 ਸੀਟਾਂ
iii. M.A. (Political Science), 40 ਸੀਟਾਂ
iv. PGDCA, 40 ਸੀਟਾਂ
v. PGDFD, 40 ਸੀਟਾਂ
vi. Computer Application subject in B.A.
vii. Journalism subject in B.A.

ਮੱਦ ਨੰਬਰ 7

ਯੂਨੀਵਰਸਿਟੀ ਕਾਲਜ, ਮੂਨਕ ਵਿਖੇ ਅਕਾਦਮਿਕ ਸੈਸ਼ਨ 2019-20 ਤੋਂ ਐਜੂਕੇਸ਼ਨ ਵਿਸ਼ਾ ਬੀ.ਏ. ਕੋਰਸ ਵਿਚ ਸ਼ੁਰੂ ਕਰ ਲਿਆ ਜਾਵੇ।

ਮੱਦ ਨੰਬਰ 8

ਯੂਨੀਵਰਸਿਟੀ ਕਾਲਜ, ਬਹਾਦਰਪੁਰ (ਮਾਨਸਾ) ਵਿਖੇ ਅਕਾਦਮਿਕ ਸੈਸ਼ਨ 2019-20 ਤੋਂ ਨਿਮਨ-ਲਿਖਤ ਕੋਰਸ ਸ਼ੁਰੂ ਕਰ ਲਏ ਜਾਣ

i. M.A. Punjabi, 40 ਸੀਟਾਂ
ii. Education subject in B.A.
iii. Hindi subject in B.A.
iv. Music (Vocal) subject in B.A.

ਮੱਦ ਨੰਬਰ 9

ਪੰਜਾਬੀ ਯੂਨੀਵਰਸਿਟੀ ਨੇਬਰਹੁੱਡ ਕੈਂਪਸ, ਮੋੜ (ਬਠਿੰਡਾ) ਵਿਖੇ ਅਕਾਦਮਿਕ ਸੈਸ਼ਨ 2019-20 ਤੋਂ MCA ਕੋਰਸ ਬੰਦ ਕਰ ਦਿੱਤਾ ਜਾਵੇ।

ਮੱਦ ਨੰਬਰ 10

ਯੂਨੀਵਰਸਿਟੀ ਕਾਲਜ, ਜੈਤੋ ਅਕਾਦਮਿਕ ਸੈਸ਼ਨ 2019-20 ਤੋਂ M.A. (English) ਕੋਰਸ 30 ਸੀਟਾਂ ਨਾਲ ਸ਼ੁਰੂ ਕਰ ਲਿਆ ਜਾਵੇ।

ਮੱਦ ਨੰਬਰ 11

ਪੰਜਾਬੀ ਸਾਹਿਤ ਅਧਿਐਨ ਵਿਭਾਗ ਵਿਖੇ ਅਕਾਦਮਿਕ ਸੈਸ਼ਨ 2019-20 ਤੋਂ P.G. Diploma (One Year) in Punjabi Literary Creative Writing ਸ਼ੁਰੂ ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਵੱਖ-ਵੱਖ ਬਾਡੀਜ਼ ਦੀ ਪ੍ਰਵਾਨਗੀ ਦੀ ਆਸ ਵਿਚ ਦਿੱਤੀ ਗਈ ਪ੍ਰਵਾਨਗੀ ਦੀ ਪੁਸ਼ਟੀ ਕੀਤੀ ਗਈ।

ਮੱਦ ਨੰਬਰ 12

ਮੁਖੀ, ਸਕੂਲ ਆਫ਼ ਸੋਸ਼ਲ ਸਾਇੰਸਿਜ਼ ਵਿਭਾਗ ਵੱਲੋਂ ਲਿਖਿਆ ਗਿਆ ਹੈ ਕਿ ਇਨਫਰਾਸਟਰਕਚਰ, ਕਲਾਸ ਰੂਮ ਅਤੇ ਫੈਕਲਟੀ ਸਟਾਫ਼ ਨਾ ਹੋਣ ਕਾਰਨ ਅਕਾਦਮਿਕ ਸੈਸ਼ਨ 2019-20 ਤੋਂ ਉਨ੍ਹਾਂ ਦੇ ਵਿਭਾਗ ਵਿਖੇ ਚਲ ਰਹੇ B.A. (Hons) in Social Sciences ਕੋਰਸ ਦਾ ਇਕ ਸੈਕਸ਼ਨ 60 ਸੀਟਾਂ ਨੂੰ ਬੰਦ ਕਰ ਦਿੱਤਾ ਜਾਵੇ।

ਬੋਰਡ ਵੱਲੋਂ ਫੈਸਲਾ ਲਿਆ ਗਿਆ ਕਿ ਵਿਭਾਗ ਨੂੰ ਲੋੜੀਦਾ ਇਨਫਰਾਸਟਰਕਚਰ, ਕਲਾਸ ਰੂਮ ਅਤੇ ਫੈਕਲਟੀ ਸਟਾਫ਼ ਦਿੱਤਾ ਜਾਵੇ। ਇਸ ਸਬੰਧੀ ਬਣਦੀ ਕਾਰਵਾਈ ਡੀਨ, ਅਕਾਦਮਿਕ ਮਾਮਲੇ ਕਰਨਗੇ। ਵਿਭਾਗ ਵਿਖੇ ਚਲ ਰਹੇ B.A. (Hons) in Social Sciences ਕੋਰਸ ਦਾ ਦੂਜਾ ਸੈਕਸ਼ਨ (60 ਸੀਟਾਂ) ਚਾਲੂ ਰੱਖਿਆ ਜਾਵੇ।

ਮੱਦ ਨੰਬਰ 13

ਪੰਜਾਬ ਸਕੂਲ ਆਫ਼ ਲਾਅ ਵਿਖੇ ਅਕਾਦਮਿਕ ਸੈਸ਼ਨ 2019-20 ਤੋਂ LL.M. (One Year) ਕੋਰਸ ਵਿਚ 5 ਸੀਟਾਂ ਵਧਾ ਦਿੱਤੀਆਂ ਜਾਣ।

ਇਸ ਤੋਂ ਇਲਾਵਾ ਮੁਖੀ, ਵਿਭਾਗ/ਡੀਨ, ਫੈਕਲਟੀ ਆਫ਼ ਲਾਅ ਵੱਲੋਂ ਮੌਖਿਕ ਬੇਨਤੀ ਕਰਨ ਉਪਰੰਤ ਬੋਰਡ ਵੱਲੋਂ ਫੈਸਲਾ ਲਿਆ ਗਿਆ ਕਿ ਵਿਭਾਗ ਵਿਖੇ ਚਲ ਰਹੇ B.A. LL.B. (Five Year Intergrated Course) ਲਈ 60-60 ਸੀਟਾਂ ਦੇ ਦੋ ਐਡੀਸ਼ਨਲ ਸੈਕਸ਼ਨ ਸ਼ੁਰੂ ਕਰ ਲਏ ਜਾਣ। ਇਸ ਸਬੰਧ ਵਿਚ ਮੁਖੀ, ਪੰਜਾਬ ਸਕੂਲ ਆਫ਼ ਲਾਅ Bar Council of India ਅਤੇ ਹੋਰ ਸਬੰਧਿਤ ਅਦਾਰਿਆਂ ਤੋਂ ਬਣਦੀ ਪ੍ਰਵਾਨਗੀ ਲੈਣਗੇ। ਇਹ ਵੀ ਸਪਸ਼ਟ ਹੈ ਕਿ ਇਹ ਐਡੀਸ਼ਨਲ ਸੈਕਸ਼ਨ ਸਬੰਧਿਤ ਅਦਾਰਿਆਂ ਤੋਂ ਪ੍ਰਵਾਨਗੀ ਲੈਣ ਉਪਰੰਤ ਹੀ ਸ਼ੁਰੂ ਕੀਤੇ ਜਾਣਗੇ।

**ਦਫ਼ਤਰ ਡਾਇਰੈਕਟਰ, ਯੋਜਨਾ ਤੇ ਨਿਰੀਖਣ**
**ਪੰਜਾਬੀ ਯੂਨੀਵਰਸਿਟੀ, ਪਟਿਆਲਾ**
(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)

ਬੋਰਡ ਵੱਲੋਂ ਇਹ ਵੀ ਫ਼ੈਸਲਾ ਲਿਆ ਗਿਆ ਕਿ ਅਕਾਦਮਿਕ ਸੈਸ਼ਨ 2019-20 ਦੌਰਾਨ ਕੋਈ ਵੀ ਕਾਂਸਟੀਚਿਊਟ ਕਾਲਜ/ਨੇਬਰਹੁੱਡ ਕੈਂਪਸ ਆਪਣੇ ਮੌਜੂਦਾ Infrastructure/Faculty/Staff ਨਾਲ ਜੇਕਰ B.Sc. Artificial Intelligence & Data Science, M.Sc. (IT) ਅਤੇ M.Sc. (IT) Lateral Entry ਕੋਰਸ ਅਤੇ B.A. ਵਿਚ Education ਦਾ elective ਵਿਸ਼ਾ ਸ਼ੁਰੂ ਕਰਨਾ ਚਾਹੁੰਦੇ ਹਨ ਤਾਂ ਉਹ ਇਹ ਕੋਰਸ/subject ਸ਼ੁਰੂ ਕਰ ਸਕਦੇ ਹਨ।

ਯੂਨੀਵਰਸਿਟੀ ਕਾਂਸਟੀਚਿਊਟ ਕਾਲਜਾਂ/ਨੇਬਰਹੁੱਡ ਕੈਂਪਸਜ਼/ਬਾਹਰਲੇ ਸੈਂਟਰਾਂ ਵਿਖੇ ਸ਼ੁਰੂ ਕੀਤੇ ਜਾਣ ਵਾਲੇ ਨਵੇਂ ਕੋਰਸਾਂ ਦੀਆਂ ਫੀਸਾਂ ਵਿਚ ਇਕਸਾਰਤਾ ਲਿਆਉਣ ਅਤੇ ਘੱਟ ਸੀਟਾਂ ਦੇ ਨਾਲ ਕੋਰਸ ਨੂੰ ਚਲਾਉਣ ਸਬੰਧੀ ਮੁੱਦੇ ਤੇ ਫ਼ੈਸਲਾ ਲੈਣ ਵਾਸਤੇ ਬੋਰਡ ਵੱਲੋਂ ਨਿਮਨ-ਲਿਖ਼ਤ ਸਬ-ਕਮੇਟੀ ਦਾ ਗਠਨ ਕੀਤਾ ਗਿਆ, ਜਿਸਦੀਆਂ ਸਿਫਾਰਸ਼ਾਂ ਪ੍ਰਵਾਨ ਕਰਨ ਦਾ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤਾ ਗਿਆ ਹੈ :

1. ਡੀਨ, ਅਕਾਦਮਿਕ ਮਾਮਲੇ
2. ਰਜਿਸਟਰਾਰ
3. ਡੀਨ, ਬਾਹਰਲੇ ਕੇਂਦਰ
4. ਡਾਇਰੈਕਟਰ, ਯੋਜਨਾ ਤੇ ਨਿਰੀਖਣ
5. ਡੀਨ, ਫ਼ੈਕਲਟੀ ਆਫ਼ ਬਿਜ਼ਨਸ ਸਟੱਡੀਜ਼
6. ਵਿੱਤ ਅਫ਼ਸਰ

ਇਸ ਮੀਟਿੰਗ ਤੋਂ ਬਾਅਦ ਜੇਕਰ ਕੋਈ ਹੋਰ ਕੋਰਸ ਸ਼ੁਰੂ ਕਰਨ ਸਬੰਧੀ ਤਜਵੀਜ਼ ਪ੍ਰਾਪਤ ਹੁੰਦੀ ਹੈ ਤਾਂ ਉਸ ਨੂੰ ਡਾਇਰੈਕਟਰ, ਯੋਜਨਾ ਤੇ ਨਿਰੀਖਣ ਅਤੇ ਡੀਨ, ਅਕਾਦਮਿਕ ਮਾਮਲੇ ਵੱਲੋਂ ਵਾਈਸ-ਚਾਂਸਲਰ ਸਾਹਿਬ ਨਾਲ ਵਿਚਾਰ-ਵਟਾਂਦਰਾ ਕਰਕੇ ਉਚਿਤ ਫ਼ੈਸਲਾ ਕਰ ਲਿਆ ਜਾਵੇ।

ਯੋਜਨਾ ਤੇ ਨਿਰੀਖਣ ਬੋਰਡ ਦੀਆਂ ਸਿਫਾਰਸ਼ਾਂ ਅਕਾਦਮਿਕ ਕੌਂਸਲ/ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ ਵਿਚ ਪ੍ਰਵਾਨਗੀ ਹਿੱਤ ਪੇਸ਼ ਹਨ ਜੀ।

ਡਾਇਰੈਕਟਰ,
ਯੋਜਨਾ ਤੇ ਨਿਰੀਖਣ

**ਡੀਨ, ਅਕਾਦਮਿਕ ਮਾਮਲੇ** 25.4.19

**ਵਾਈਸ-ਚਾਂਸਲਰ ਸਾਹਿਬ** 29.4.19